ਨੰ. 01/02/2024- 1ਅ.ਸ./05

**ਪੰਜਾਬ ਸਰਕਾਰ**

**ਤਨਖਾਹ ਅਨਾਮਲੀ ਕਮੇਟੀ**

ਮਿਤੀ, ਚੰਡੀਗੜ੍ਹ: 29 ਅਗਸਤ 2024

ਸੇਵਾ ਵਿਖੇ,

1. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮੀਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2. ਸਮੂਹ ਵਿਭਾਗਾਂ ਦੇ ਮੁਖੀ,
3. ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
4. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
5. ਸਮੂਹ ਜ਼ਿਲ੍ਹਾ ਤੇ ਸ਼ੈਸਨ ਜੱਜ ਅਤੇ
6. ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।

ਵਿਸ਼ਾ:- **ਛੇਵੇਂ ਤਨਖਾਹ ਕਮਿਸ਼ਨ, ਪੰਜਾਬ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਨੋਟੀਫਾਈ ਕੀਤੇ ਗਏ ਸੋਧੇ ਤਨਖਾਹ ਢਾਂਚੇ ਵਿਚੋਂ ਤਰੁੱਟੀਆਂ ਦੂਰ ਕਰਨ ਬਾਰੇ।**

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ. **09/01/2021-5FP1/671 ਮਿਤੀ 5 ਜੁਲਾਈ 2021 ਅਤੇ 09/01/2021-5FP1/1228 ਮਿਤੀ 20 ਸਤੰਬਰ 2021** ਦੁਆਰਾ ਜਾਰੀ ਕੀਤੇ ਸੋਧੇ ਤਨਖਾਹ ਢਾਂਚੇ ਵਿੱਚ ਤਰੁੱਟੀਆਂ ਦੂਰ ਕਰਨ ਵਾਸਤੇ ਸਰਕਾਰੀ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਲਈ ਪੰਜਾਬ ਸਰਕਾਰ (ਪ੍ਰਸੋਨਲ ਵਿਭਾਗ) ਵਲੋਂ ਨੋਟੀਫਿਕੇਸ਼ਨ ਨੰ. 10/05/2023-3ਪੀ.ਪੀ.3/399 ਮਿਤੀ 21 ਸਤੰਬਰ 2023 ਰਾਹੀਂ ਇੱਕ ਤਨਖਾਹ ਅਨਾਮਲੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਇਸ ਤਨਖਾਹ ਅਨਾਮਲੀ ਕਮੇਟੀ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਅਤੇ ਇਸ ਦੀਆਂ ਮੀਟਿੰਗਾਂ ਆਦਿ ਕਰਵਾਉਣ/ਰਿਕਾਰਡ ਦੀ ਸਾਂਭ ਸੰਭਾਲ ਹਿੱਤ ਅਨਾਮਲੀ ਸਾਖਾ ਦਾ ਗਠਨ ਕੀਤਾ ਗਿਆ ਹੈ।

2. ਅਨਾਮਲੀ ਕਮੇਟੀ ਵਲੋਂ ਸੋਧੇ ਤਨਖਾਹ ਢਾਂਚੇ ਵਿਚੋਂ ਤਰੁੱਟੀਆਂ ਦੂਰ ਕਰਨ ਵਾਸਤੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ/ਕਰਮਚਾਰੀ ਸੰਗਠਨਾਂ ਦੀਆਂ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਲਈ ਸਬੰਧਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਵੀ ਕਮੇਟੀ ਦੇ ਮੈਬਰਾਂ ਵਜੋਂ ਨਾਮਜਦ ਕੀਤਾ ਜਾਵੇਗਾ।

3. ਸੋਧੇ ਤਨਖਾਹ ਢਾਂਚੇ ਵਿੱਚ ਤਰੁੱਟੀਆਂ ਦਾ ਪਤਾ ਲਗਾਉਣ ਲਈ ਵੱਖ-ਵੱਖ ਕੈਟੇਗਰੀਆਂ ਦੇ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਸਬੰਧੀ ਡਾਟਾ ਇਕੱਠਾ ਕਰਨ ਅਤੇ ਪ੍ਰਸੈਸ ਕਰਨ ਲਈ ਇੱਕ ਪ੍ਰੋਫਾਰਮਾ ਤਿਆਰ ਕਰਕੇ ਨਾਲ ਨੱਥੀ ਕੀਤਾ ਜਾਂਦਾ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰੋਫਾਰਮੇ ਵਿੱਚ ਲੋੜੀਂਦੀ ਸੂਚਨਾ ਚਾਰ ਹਫਤਿਆਂ ਦੇ ਅੰਦਰ-ਅੰਦਰ **ਸੁਪਰਡੰਟ, ਅਨਾਮਲੀ ਸਾਖਾ ਕਮਰਾ ਨੰ. 11, 8ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-1, ਸੈਕਟਰ-1, ਚੰਡੀਗੜ੍ਹ** ਨੂੰ ਭੇਜਣ ਦੀ ਖੇਚਲ ਕੀਤੀ ਜਾਵੇ। ਪ੍ਰੋਫਾਰਮੇ ਵਿੱਚ ਭਰੀ ਗਈ ਸੂਚਨਾਂ ਦੀ ਸੌਫਟ ਕਾਪੀ (MS Word ਫਾਈਲ) ਅਨਾਮਲੀ ਸਾਖਾ ਦੀ Email :- payanomalybranch@gmail.com ਤੇ ਵੀ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

4. ਸਬੰਧਤ ਵਿਭਾਗ ਦੇ ਵੱਖ-ਵੱਖ ਕੈਟਾਗਰੀਆਂ ਦੇ ਕਰਮਚਾਰੀਆਂ ਵਲੋਂ ਤਨਖਾਹ ਤਰੁੱਟੀਆਂ ਸਬੰਧੀ ਦਿੱਤੀਆਂ ਪ੍ਰਤੀਬੇਨਤੀਆਂ ਤੇ ਲੋੜੀਂਦੀ ਵਿਚਾਰ ਨਿਰਧਾਰਤ ਪ੍ਰੋਫਾਰਮੇ ਵਿੱਚ ਸੂਚਨਾਂ ਪ੍ਰਾਪਤ ਹੋਣ ਉਪਰੰਤ ਹੀ ਕੀਤੀ ਜਾਵੇਗੀ।

ਕਿਰਪਾ ਕਰਕੇ ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਵਿਸ਼ਵਾਸ-ਪਾਤਰ

(ਸ੍ਰੀ ਦੀਪਰਵਾ ਲਾਕੜਾ, ਆਈ.ਏ.ਐਸ.)
ਮੈਂਬਰ ਸਕੱਤਰ, ਤਨਖਾਹ ਅਨਾਮਲੀ ਕਮੇਟੀ

ਨੰ. 01/02/2024-1 ਅ.ਸ./05 ਮਿਤੀ, ਚੰਡੀਗੜ੍ਹ 29/08/2024

ਉਪਰੋਕਤ ਦਾ ਇੱਕ ਉਤਾਰਾ (ਸਹਿ-ਪੱਤਰਾਂ ਸਮੇਤ) ਆਈ.ਟੀ. ਅਸਿਸਟੈਂਟ/ਦਫਤਰ ਪ੍ਰਮੁੱਖ ਸਕੱਤਰ, ਵਿੱਤ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੰਜਾਬ ਸਰਕਾਰ ਦੇ ਵੈੱਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

ਨੱਥੀ : ਉਪਰੋਕਤ ਅਨੁਸਾਰ

# ਪੰਜਾਬ ਸਰਕਾਰ
## ਤਨਖਾਹ ਅਨਾਮਲੀ ਕਮੇਟੀ

### ਤਨਖਾਹ ਸਕੇਲਾਂ ਸਬੰਧੀ ਡਾਟੇ ਦਾ ਪ੍ਰੋਫਾਰਮਾ

| ਵਿਭਾਗਾਂ ਦਾ ਨਾਂ | ਅਸਾਮੀ ਦਾ ਵਰਗੀਕਰਣ (ਦਰਜਾ/ਗਰੁੱਪ) | ਅਸਾਮੀ ਦਾ ਨਾਂ | ਮੰਨਜੂਰ-ਸ਼ੁਦਾ ਅਸਾਮੀਆਂ ਦੀ ਗਿਣਤੀ |
|---|---|---|---|
| | | | |

| ਲੜੀ ਨੰ. | ਤਨਖਾਹ ਕਮਿਸ਼ਨ/ਅਨਾਮਲੀ ਕਮੇਟੀ ਦੀਆਂ ਸਿਫਾਰਸ਼ਾ | ਤਨਖਾਹ ਸਕੇਲ | ਵਿਸ਼ੇਸ਼ ਤਨਖਾਹ | ਵਿਸ਼ੇਸ਼ ਕਥਨ |
|---|---|---|---|---|
| 1. | ਪਹਿਲੇ ਤਨਖਾਹ ਕਮਿਸ਼ਨ ਅਨੁਸਾਰ ਪ੍ਰਵਾਨਿਤ ਸਕੇਲ | | | |
| 2. | ਦੂਜੇ ਤਨਖਾਹ ਕਮਿਸ਼ਨ ਅਨੁਸਾਰ ਪ੍ਰਵਾਨਿਤ ਸਕੇਲ | | | |
| 3. | ੳ) ਤੀਜੇ ਤਨਖਾਹ ਕਮਿਸ਼ਨ ਅਨੁਸਾਰ ਪ੍ਰਵਾਨਿਤ ਸਕੇਲ | | | |
| | ਅ) ਤੀਜੇ ਤਨਖਾਹ ਕਮਿਸ਼ਨ ਉਪਰੰਤ ਬਣੀ ਅਨਾਮਲੀ ਕਮੇਟੀ ਦੀਆਂ ਸਿਫਾਰਸ਼ਾ ਉਪਰੰਤ ਪ੍ਰਵਾਨਿਤ ਤਨਖਾਹ ਸਕੇਲ | | | |
| 4. | ੳ) ਚੌਥੇ ਤਨਖਾਹ ਕਮਿਸ਼ਨ ਅਨੁਸਾਰ ਪ੍ਰਵਾਨਿਤ ਸਕੇਲ | | | |
| | ਅ) ਚੌਥੇ ਤਨਖਾਹ ਕਮਿਸ਼ਨ ਉਪਰੰਤ ਬਣੀ ਅਨਾਮਲੀ ਕਮੇਟੀ ਦੀਆਂ ਸਿਫਾਰਸ਼ਾ ਉਪਰੰਤ ਪ੍ਰਵਾਨਿਤ ਤਨਖਾਹ ਸਕੇਲ | | | |
| | ੲ) ਚੌਥੇ ਤਨਖਾਹ ਕਮਿਸ਼ਨ ਉਪਰੰਤ ਬਣੀ ਅਨਾਮਲੀ ਕਮੇਟੀ ਦੀਆਂ ਸਿਫਾਰਸਾਂ ਉਪਰੰਤ ਅਤੇ ਪੰਜਵੇ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ ਲਾਗੂ ਹੋਣ ਦੇ ਸਮੇਂ ਦੌਰਾਨ ਪ੍ਰਵਾਨਿਤ ਤਨਖਾਹ ਸਕੇਲ ਜੇਕਰ ਕੋਈ ਹੋਵੇ। | | | |
| 5. | ੳ) ਪੰਜਵੇਂ ਤਨਖਾਹ ਕਮਿਸ਼ਨ ਅਨੁਸਾਰ ਪ੍ਰਵਾਨਿਤ ਸਕੇਲ | | | |
| | ਅ) ਪੰਜਵੇਂ ਤਨਖਾਹ ਕਮਿਸ਼ਨ ਉਪਰੰਤ ਬਣੀ ਅਨਾਮਲੀ ਕਮੇਟੀ ਦੀਆਂ ਸਿਫਾਰਸ਼ਾ ਉਪਰੰਤ ਪ੍ਰਵਾਨਿਤ ਤਨਖਾਹ ਸਕੇਲ | | | |
| | ੲ) ਪੰਜਵੇਂ ਤਨਖਾਹ ਕਮਿਸ਼ਨ ਉਪਰੰਤ ਬਣੀ ਅਨਾਮਲੀ ਕਮੇਟੀ ਦੀਆਂ ਸਿਫਾਰਸਾਂ ਲਾਗੂ ਹੋਣ ਉਪਰੰਤ ਦਿੱਤੇ ਤਨਖਾਹ ਸਕੇਲ (Re-revision) (ਜੇਕਰ ਕੋਈ ਹੋਵੇ)। | | | |
| 6 | ੳ) ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਿਫਾਰਸ਼ ਕੀਤਾ ਤਨਖਾਹ ਸਕੇਲ | | | |
| | ਅ) ਛੇਵੇਂ ਤਨਖਾਹ ਕਮਿਸ਼ਨ ਉਪਰੰਤ ਪ੍ਰਵਾਨਿਤ ਪੇ-ਸਕੇਲ/ਲੈਵਲ | | | |

| | |
|---|---|
| ਅਸਾਮੀ ਲਈ ਨਿਰਧਾਰਿਤ ਲਾਜਮੀ ਯੋਗਤਾਵਾਂ ਅਤੇ ਨਿਰਧਾਰਿਤ ਕੋਟੇ ਦੀ ਪ੍ਰਤੀਸਤਤਾ:<br>ੳ) ਸਿੱਧੀ ਭਰਤੀ ਰਾਹੀਂ<br>x. ਯੋਗਤਾਵਾਂ<br>xi. ਤਜਰਬਾ<br>xii. ਨਿਰਧਾਰਿਤ ਕੋਟੇ ਦੀ ਪ੍ਰਤੀਸਤਤਾ<br>ਅ) ਪਦ-ਉਨੱਤੀ ਰਾਹੀਂ<br>x. ਯੋਗਤਾਵਾਂ<br>xi. ਤਜਰਬਾ<br>xii. ਨਿਰਧਾਰਿਤ ਕੋਟੇ ਦੀ ਪ੍ਰਤੀਸਤਤਾ | ਨਿਰਧਾਰਤ ਯੋਗਤਾਵਾਂ/ਤਜਰਬੇ ਵਿੱਚ ਤਬਦੀਲੀ, ਜੇ ਕੋਈ ਹੋਈ ਹੋਵੇ:<br><br>ਕੀ ਕੋਈ ਤਬਦੀਲੀ ਹੋਈ ਹੈ? (ਹਾਂ/ਨਹੀਂ)<br>ੳ) ਯੋਗਤਾਵਾਂ<br><br>ਅ) ਤਜਰਬਾ (ਸਾਲ੍ਹਾਂ ਵਿੱਚ)<br><br>ੲ) ਤਬਦੀਲੀ ਦੀ ਮਿਤੀ: |

| | |
|---|---|
| ਫੀਡਰ ਕਾਡਰ ਦੀ ਅਸਾਮੀ ਦੇ ਵੇਰਵੇ:<br>ੳ) ਅਸਾਮੀ ਦਾ ਨਾਂ<br>ਅ) ਤਨਖਾਹ ਸਕੇਲ<br>ੲ) ਮੌਜੂਦਾ ਪਦ-ਉਨੱਤੀ ਵਾਲੀ ਅਸਾਮੀ ਤੇ ਪਦ-ਉਨੱਤੀ ਲਈ ਲੱਗਣ ਵਾਲਾ ਔਸਤ ਸਮਾਂ | ਮੌਜੂਦਾ ਪਦ-ਉਨੱਤੀ ਵਾਲੀ ਅਸਾਮੀ ਦੇ ਵੇਰਵੇ:<br>ੳ) ਅਸਾਮੀ ਦਾ ਨਾਂ<br>ਅ) ਤਨਖਾਹ ਸਕੇਲ<br>ੲ) ਅਗਲੀ ਉਚੇਰੀ ਅਸਾਮੀ ਤੇ ਪਦ-ਉਨੱਤੀ ਲਈ ਲੱਗਣ ਵਾਲਾ ਔਸਤ ਸਮਾਂ |

| | |
|---|---|
| ਅਸਾਮੀ ਦੀਆਂ ਡਿਊਟੀਆਂ ਦਾ ਵੇਰਵਾ: | ਅਸਾਮੀ ਦੀਆਂ ਡਿਊਟੀਆਂ ਵਿੱਚ ਤਬਦੀਲੀ, ਜੇਕਰ ਕੋਈ ਹੋਈ ਹੋਵੇ (ਤਬਦੀਲੀ ਦੀ ਮਿਤੀ ਸਮੇਤ) |

| | |
|---|---|
| ਮੰਗਿਆ ਗਿਆ ਤਨਖਾਹ ਸਕੇਲ /ਪੇ-ਲੈਵਲ | ਸਬੰਧਤ ਵਿਭਾਗ ਦੀ ਟਿੱਪਣੀ |

ਨੋਟ:- ਹਰੇਕ ਅਸਾਮੀ ਲਈ ਵੱਖਰਾ ਪ੍ਰੋਫਾਰਮਾ ਵਰਤਿਆ ਜਾਵੇ ਜੀ।